# ਪਿਆਰੇ ਵਿਦਿਆਰਥੀਓ!!



8ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 8ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

**8ਵੀਂ ਜਮਾਤ ਦੇ ਕੰਪਿਊਟਰ ਸਾਇੰਸ ਦੇ ਪਾਠਾਂ ਨਾਲ ਸੰਬੰਧਤ ਵਿਡੀਓ ਲੈਕਚਰਾਂ ਦੀ ਪਲੇਅਲਿਸਟ ਦਾ ਲਿੰਕ:**

https://youtube.com/playlist?list=PLja3EaJFAjmb2GmtO1tR1b9LSAvgl21AA

**ਪਾਠਾਂ ਅਨੁਸਾਰ ਵਿਡੀਓ ਲੈਕਚਰਾਂ ਦੇ ਲਿੰਕਸ:**

| | |
|---|---|
| ਪਾਠ-1 ਟਾਈਪਿੰਗ ਟਿਊਟਰ-ਪੰਜਾਬੀ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/30yncS5iCKY |
| ਪਾਠ-1 ਟਾਈਪਿੰਗ ਟਿਊਟਰ-ਪੰਜਾਬੀ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/5gALeNhzsnM |
| ਪਾਠ-2 ਇੰਟਰਨੈਟ ਫੰਡਾਮੈਂਟਲਜ਼ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/IeyWAOQI0PY |
| ਪਾਠ-2 ਇੰਟਰਨੈਟ ਫੰਡਾਮੈਂਟਲਜ਼ ਦੀ ਵਿਆਖਿਆ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/Co1ZIFtuG1I |
| ਪਾਠ-3 ਸੂਚਨਾ ਟੈਕਨੋਲੋਜੀ ਨਾਲ ਜਾਣ-ਪਛਾਣ ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/JohHSCBJv30 |
| ਪਾਠ-3 ਸੂਚਨਾ ਟੈਕਨੋਲੋਜੀ ਨਾਲ ਜਾਣ-ਪਛਾਣ ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/gpHzkJyr1hA |
| ਪਾਠ-4 ਐਮ.ਐਸ. ਪਾਵਰਪੁਆਇੰਟ ਭਾਗ-1 ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/0l4hvRnO-vs |
| ਪਾਠ-4 ਐਮ.ਐਸ. ਪਾਵਰਪੁਆਇੰਟ ਭਾਗ-1 ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/tX5rMvZXRxM |
| ਪਾਠ-5 ਐਮ.ਐਸ. ਪਾਵਰਪੁਆਇੰਟ ਭਾਗ-2 ਦੀ ਵਿਆਖਿਆ ਦਾ ਵਿਡੀਓ ਲੈਕਚਰ | https://youtu.be/mdgBGzo9hfw |
| ਪਾਠ-5 ਐਮ.ਐਸ. ਪਾਵਰਪੁਆਇੰਟ ਭਾਗ-2 ਦੇ ਅਭਿਆਸ ਪ੍ਰਸ਼ਨਾਂ ਦੇ ਹੱਲ | https://youtu.be/juNk4gEc6Mg |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਊਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

**http://cspunjab.nirmancampus.co.in/study.php**

ਪਾਠ-2

ਇੰਟਰਨੈਟ ਫੰਡਾਮੈਂਟਲਸ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ਇੰਟਰਨੈਸ਼ਨਲ ਨੈਟਵਰਕ ਆਫ ਕੰਪਿਊਟਰਜ਼ ਨੂੰ ________ ਕਿਹਾ ਜਾਂਦਾ ਹੈ।

ੳ) ਅਰਪਾਨੈਟ  ਅ) ਇੰਟਰਾਨੈਟ  ੲ) ਇੰਟਰਨੈਟ  ਸ) ਇਥਰਨੈਟ

2. WWW ਦਾ ਮਤਲਬ ਹੈ ________________.

ੳ) ਵਰਲਡ ਵਾਈਡ ਵੈਬ  ਅ) ਵਾਈਡ ਵਰਲਡ ਵੈਬ  ੲ) ਵਰਲਡ ਵੈਬ ਵਾਈਡ  ਸ) ਵੈਬ ਵਰਲਡ ਵਾਈਡ

3. ___________ ਇੰਟਰਨੈਟ ਉੱਪਰ ਆਨਲਾਈਨ ਗੱਲਬਾਤ ਕਰਨਾ ਹੁੰਦਾ ਹੈ।

ੳ) ਈ-ਕਾਮਰਸ  ਅ) ਵਰਲਡ ਵਾਈਡ ਵੈਬ  ੲ) ਚੈਟਿੰਗ  ਸ) ਇਹਨਾਂ ਵਿਚੋਂ ਕੋਈ ਨਹੀਂ

4. ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ ________ ਹੁੰਦਾ ਹੈ।

ੳ) ਟੈਲੀਗ੍ਰਾਮ  ਅ) ISP  ੲ) ਚਿੱਠੀਆਂ  ਸ) ਈ-ਮੇਲ

5. ________ ਇੱਕ ਡਿਵਾਈਸ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਲਾਈਨ ਨਾਲ ਜੋੜਦਾ ਹੈ।

ੳ) ਮਾਡਮ  ਅ) ਮਾਊਸ  ੲ) ਟੈਲੀਫੋਨ ਤਾਰ  ਸ) ਮੋਬਾਈਲ


**ਪ੍ਰਸ਼ਨ:2 ਪੂਰੇ ਰੂਪ ਲਿਖੋ**

1. WWW : ਵਰਲਡ ਵਾਈਡ ਵੈਬ (World Wide Web)
2. E Mail : ਇਲੈਕਟ੍ਰੋਨਿੱਕ ਮੇਲ (Electronic Mail)
3. MODEM : ਮਾਡੂਲੇਟਰ ਡੀਮਾਡੂਲੇਟਰ (Modulator Demodulator)
4. ISP : ਇੰਟਰਨੈਟ ਸਰਵਿਸ ਪ੍ਰੋਵਾਈਡਰ (Internet Service Provider)
5. URL : ਯੂਨੀਫਾਰਮ ਰਿਸੋਰਸ ਲੋਕੇਟਰ (Uniform Resource Locator)
6. DSL : ਡੀਜ਼ੀਟਲ ਸਬਸਕ੍ਰਾਈਬਰ ਲਾਈਨ (Digital Subscriber Line)

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਇੰਟਰਨੈਟ ਕੀ ਹੈ?**

ਉ: ਇੰਟਰਨੈੱਟ ਦਾ ਅਰਥ ਹੈ ਇੰਟਰਨੈਸ਼ਨਲ ਨੈੱਟਵਰਕ ਆਫ ਕੰਪਿਊਟਰਜ਼। ਇੰਟਰਨੈਟ ਬਹੁਤ ਸਾਰੇ ਛੋਟੇ ਵੱਡੇ ਨੈਟਵਰਕਾਂ ਦਾ ਇੱਕ ਵਿਸ਼ਾਲ ਨੈਟਵਰਕ ਹੈ ਜੋ ਸੰਸਾਰ ਵਿੱਚ ਫੈਲੇ ਲੱਖਾਂ ਕੰਪਿਊਟਰਾਂ ਤੋਂ ਬਣਿਆ ਹੈ। ਅੱਜ ਦੇ ਸਮੇਂ ਵਿੱਚ ਇੰਟਰਨੈੱਟ ਮਨੁੱਖ ਨੂੰ ਇੱਕ ਬਹੁਤ ਵੱਡੀ ਦੇਣ ਹੈ।




**ਪ੍ਰ:2 ਇੰਟਰਨੈਟ ਸਰਵਿਸ ਪ੍ਰੋਵਾਈਡਰ ਦੀਆਂ ਕੁੱਝ ਉਦਾਹਰਣਾਂ ਲਿਖੋ।**

ਉ: ਇੰਟਰਨੈਟ ਸਰਵਿਸ ਪ੍ਰੋਵਾਈਡਰ ਉਹ ਕੰਪਨੀਆਂ ਹੁੰਦੀਆਂ ਹਨ ਜੋ ਸਾਨੂੰ ਇੰਟਰਨੈਟ ਦੀ ਸੁਵਿਧਾ ਪ੍ਰਦਾਨ ਕਰਦੀਆਂ ਹਨ। ਕੁੱਝ ਮੁੱਖ ਇੰਟਰਨੈਟ ਸਰਵਿਸ ਪ੍ਰੋਵਾਈਡਰਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ:

- Airtel
- Vodafone
- BSNL ਆਦਿ

**ਪ੍ਰ:3 ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ?**

ਉ: ਈ-ਕਾਮਰਸ ਦਾ ਪੂਰਾ ਨਾਂ ਇਲੈਕਟ੍ਰੋਨਿੱਕ ਕਾਮਰਸ ਹੈ। ਇਹ ਇੰਟਰਨੈੱਟ ਦੀ ਬਹੁਤ ਹੀ ਮਹੱਤਵਪੂਰਨ ਸੁਵਿਧਾ ਹੈ। ਇੰਟਰਨੈਟ ਦੀ ਮਦਦ ਨਾਲ ਵਪਾਰ ਕਰਨ ਨੂੰ ਈ-ਕਾਮਰਸ ਕਹਿੰਦੇ ਹਨ। ਇਸਦੀ ਮਦਦ ਨਾਲ ਅਸੀਂ ਕਿਸੇ ਵੀ ਸਮੇਂ ਘਰ ਬੈਠੇ ਕੋਈ ਵੀ ਚੀਜ਼ ਖਰੀਦ ਸਕਦੇ ਹਾਂ।

**ਪ੍ਰ:4 ਵੈਬ ਬ੍ਰਾਊਜ਼ਿੰਗ ਕੀ ਹੈ?**

ਉ: ਜਾਣਕਾਰੀ ਦੀ ਭਾਲ ਵਿੱਚ ਇੱਕ ਵੈਬ ਪੇਜ਼ ਤੋਂ ਦੂਜੇ ਪੇਜ਼ ਜਾਂ ਇੱਕ ਵੈਬਸਾਈਟ ਤੋਂ ਦੂਜੀ ਵੈਬਸਾਈਟ ਤੇ ਜਾਣ ਨੂੰ ਵੈਬ ਬ੍ਰਾਊਜ਼ਿੰਗ ਕਿਹਾ ਜਾਂਦਾ ਹੈ। ਜਾਣਕਾਰੀ ਨੂੰ ਲੱਭਣ ਅਤੇ ਵੇਖਣ ਲਈ ਅਸੀਂ ਕਿਸੇ ਵੀ ਸਰਚ ਇੰਜਨ - ਜਿਵੇਂ ਕਿ: ਗੂਗਲ (google), ਬਿੰਗ (bing) ਆਦਿ ਦੀ ਸਹਾਇਤਾ ਲੈ ਸਕਦੇ ਹਾਂ।

**ਪ੍ਰਸ਼ਨ: 4 ਵੱਡੇ ਉਤਰਾਂ ਵਾਲੇ ਪ੍ਰਸ਼ਨ**

**ਪ੍:1 ਮਾਡਮ (MODEM) ਕੀ ਹੈ? ਇਸਦੀਆਂ ਕਿਸਮਾਂ ਅਤੇ ਰਫਤਾਰ ਸੰਬੰਧੀ ਜਾਣਕਾਰੀ ਦਿਓ।**

ਉ: ਮਾਡਮ ਦਾ ਪੁਰਾ ਨਾਮ ਮਾਡੂਲੇਟਰ-ਡੀਮਾਡੂਲੇਟਰ (Modulator-Demodulator) ਹੈ। ਇਸ ਯੰਤਰ ਦੀ ਵਰਤੋਂ ਨਾਲ ਇੰਟਰਨੈਟ ਚਲਾਇਆ ਜਾਂਦਾ ਹੈ। ਇਹ ਕੰਪਿਊਟਰ ਨੂੰ ਟੈਲੀਫੋਨ ਜਾਂ ਕੇਬਲ ਲਾਈਨਾਂ ਨਾਲ ਜੋੜ ਕੇ ਸੰਚਾਰ ਕਰਨ ਯੋਗ ਬਨਾਉਂਦਾ ਹੈ।

**ਮਾਡਮ ਦੀਆਂ ਕਿਸਮਾਂ:** ਮਾਡਮ ਦੋ ਕਿਸਮਾਂ ਦੇ ਹੁੰਦੇ ਹਨ:

i. **ਬਾਹਰੀ ਮਾਡਮ:** ਇਹ ਮਾਡਮ ਕੰਪਿਊਟਰਾਂ ਤੋਂ ਅਲੱਗ ਇਕ ਵੱਖਰਾ ਯੰਤਰ ਹੁੰਦਾ ਹੈ। ਇਸਦੀ ਰਫਤਾਰ ਅੰਦਰੂਨੀ ਮਾਡਮ ਦੇ ਮੁਕਾਬਲੇ ਜਿਆਦਾ ਹੁੰਦੀ ਹੈ।

ii. **ਅੰਦਰੂਨੀ ਮਾਡਮ:**ਇਹ ਮਾਡਮ ਸਿਸਟਮ ਯੁਨਿਟ ਦੇ ਅੰਦਰ ਲਗਾਇਆ ਜਾਂਦਾ ਹੈ। ਇਸਦੀ ਰਫਤਾਰ ਬਾਹਰੀ ਮਾਡਮ ਦੇ ਮੁਕਾਬਲੇ ਘੱਟ ਹੁੰਦੀ ਹੈ

ਆਮ ਵਰਤੇ ਜਾਣ ਵਾਲੇ ਮਾਡਮ ਦੀ ਰਫਤਾਰ 56kbps ਹੁੰਦੀ ਹੈ।







**ਪ੍:2 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਦਾ ਵਰਨਣ ਕਰੋ।**

ਉ: ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸਹੁਲਤਾਂ ਇਸ ਪ੍ਰਕਾਰ ਹਨ:

- ਇੰਟਰਨੈਟ ਸਾਨੂੰ ਕਈ ਆਨ ਲਾਈਨ ਅਖਬਾਰਾਂ ਤੋਂ ਖਬਰਾਂ ਪੜਨ ਦੀ ਸੁਵਿਧਾ ਪ੍ਰਦਾਨ ਕਰਦਾ ਹੈ।
- ਇੰਟਰਨੈਟ ਕਲਾ ਅਤੇ ਮਨੋਰੰਜਨ ਦਾ ਮੁੱਖ ਸਾਧਨ ਹੈ।
- ਇੰਟਰਨੈਟ ਦੀ ਵਰਤੋਂ ਨਾਲ ਅਸੀਂ ਕਈ ਤਰ੍ਹਾਂ ਦੀਆਂ ਚੀਜਾਂ ਘਰ ਬੈਠੇ ਖਰੀਦ ਸਕਦੇ ਹਾਂ।
- ਇੰਟਰਨੈਟ ਦੀ ਵਰਤੋਂ ਕਰਦੇ ਹੋਏ ਅਸੀਂ ਕਿਸੇ ਨੂੰ ਵੀ ਕੋਈ ਸੰਦੇਸ਼ ਮਿੰਟਾਂ ਸਕਿੰਟਾਂ ਵਿਚ ਭੇਜ/ਪ੍ਰਾਪਤ ਕਰ ਸਕਦੇ ਹਾਂ।
- ਇੰਟਰਨੈਟ ਦੀ ਮਦਦ ਨਾਲ ਅਸੀਂ ਘਰ ਬੈਠੇ ਹੀ ਰੇਲਵੇ/ਹਵਾਈ ਜਹਾਜਾਂ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।
- ਇੰਟਰਨੈਟ ਨਾਲ ਅਸੀਂ ਚੈਟਿੰਗ ਵੀ ਕਰ ਸਕਦੇ ਹਾਂ।
- ਇੰਟਰਨੈਟ ਸਾਨੂੰ ਵੀਡੀਓ ਕਾਨਫਰੈਂਸਿੰਗ ਦੀ ਸੁਵਿਧਾ ਵੀ ਪ੍ਰਦਾਨ ਕਰਦਾ ਹੈ।

**ਪ੍:3 ਈ-ਮੇਲ ਕੀ ਹੈ? ਈ-ਮੇਲ ਦੀ ਵਰਤੋਂ ਦੇ ਲਾਭ ਲਿਖੋ।**




ਉ: ਈ-ਮੇਲ ਦਾ ਪੁਰਾ ਨਾਂ ਇਲੈਕਟ੍ਰੋਨਿੱਕ ਮੇਲ ਹੈ। ਇਕ ਇੰਟਰਨੈਟ ਦੀ ਇਕ ਬਹੁਤ ਮਹੱਵਪੁਰਨ ਵਿਸ਼ੇਸ਼ਤਾ ਹੈ ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਕੋਈ ਸੰਦੇਸ਼ ਭੇਜ ਸਕਦੇ ਹਾਂ ਜਾਂ ਸੰਦੇਸ਼ ਪ੍ਰਾਪਤ ਕਰ ਸਕਦੇ ਹਾਂ। ਈ-ਮੇਲ ਰਾਹੀਂ ਟੈਕਸਟ, ਤਸਵੀਰਾਂ ਆਦਿ ਕਿਸੇ ਵੀ ਕਿਸਮ ਦੀ ਫਾਈਲ ਭੇਜੀ ਜਾਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਈ-ਮੇਲ ਦੇ ਲਾਭ:** ਈ-ਮੇਲ ਦੇ ਮੁੱਖ ਲਾਭ ਹੇਠਾਂ ਦਿਤੇ ਗਏ ਹਨ:

- **ਖਰਚ**: ਇੰਟਰਨੈੱਟ ਦੇ ਖਰਚੇ ਤੋਂ ਬਿਨਾਂ ਈ-ਮੇਲ ਦੀ ਵਰਤੋਂ ਲਈ ਹੋਰ ਕੁਝ ਵੀ ਵਾਧੂ ਖਰਚ ਨਹੀਂ ਹੁੰਦਾ।
- **ਰਫਤਾਰ**: ਈ-ਮੇਲ ਸੰਦੇਸ਼ ਆਪਣੀ ਮੰਜਿਲ ਉੱਤੇ ਕੁਝ ਕੁ ਮਿੰਟਾਂ-ਸੈਕਿੰਟਾਂ ਵਿੱਚ ਪਹੁੰਚ ਜਾਂਦੇ ਹਨ।
- **ਸਹੂਲਤ**: ਈ-ਮੇਲ ਸੰਦੇਸ਼ ਨੂੰ ਅਸੀਂ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਭੇਜ ਜਾਂ ਪ੍ਰਾਪਤ ਕਰ ਸਕਦੇ ਹਾਂ।

**ਪ੍:4 ਵਰਲਡ ਵਾਈਡ ਵੈਬ (WWW) ਉੱਪਰ ਨੋਟ ਲਿਖੋ।**

ਉ: ਵਰਲਡ ਵਾਈਡ ਵੈੱਬ (WWW) ਨੂੰ Web ਜਾਂ W3 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੱਖ-ਵੱਖ ਕਿਸਮਾਂ ਦੀ ਜਾਣਕਾਰੀ ਦਾ ਇਕ ਬਹੁਤ ਵੱਡਾ ਸੰਗ੍ਰਹਿ ਹੈ। ਇਸ ਵਿੱਚ ਸਾਰੀਆਂ ਪਬਲਿਕ ਵੈਬ ਸਾਈਟਾਂ ਸ਼ਾਮਿਲ ਹੁੰਦੀਆਂ ਹਨ, ਜੋ ਕਿ ਪੁਰੀ ਦੁਨੀਆ ਵਿੱਚ ਇੰਟਰਨੈਟ ਨਾਲ ਜੁੜੀਆਂ ਹੁੰਦੀਆਂ ਹਨ। ਹਰੇਕ ਵੈਬ-ਸਾਈਟ/ਪੇਜ਼ ਨੂੰ ਇੱਕ ਵਿਲੱਖਣ ਨਾਂ/ਐਡਰੈਸ ਦਿੱਤਾ ਜਾਂਦਾ ਹੈ, ਜਿਸਨੂੰ URL (Uniform Resource Locator) ਕਿਹਾ ਜਾਂਦਾ ਹੈ। ਵਰਲਡ ਵਾਈਡ ਵੈੱਬ ਉੱਪਰ ਸਟੋਰ ਸੁਚਨਾ ਨੂੰ ਵੈਬ ਬ੍ਰਾਊਜਰ (ਇੰਟਰਨੈਟ ਐਕਸਪਲੋਰਰ, ਮੋਜ਼ੀਲਾ ਫਾਇਰਫਾਕਸ ਆਦਿ) ਦੀ ਸਹਾਇਤਾ ਨਾਲ ਦੇਖਿਆ ਜਾ ਸਕਦਾ ਹੈ।

**ਪ੍:5 ਇੰਟਰਨੈਟ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁੱਖ ਸੇਵਾਵਾਂ ਦਾ ਵਰਨਣ ਕਰੋ।**

ਉ: ਅੱਜ ਦੇ ਤਕਨੀਕੀ ਯੁੱਗ ਵਿੱਚ ਇੰਟਰਨੈਟ ਦੁਆਰਾ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇੰਟਰਨੈਟ ਦੀਆਂ ਕੁੱਝ ਮਹਤੱਵਪੂਰਣ ਸੇਵਾਵਾਂ ਇਸ ਪ੍ਰਕਾਰ ਹਨ:

1. **ਈ-ਮੇਲ:** ਇਸ ਰਾਹੀਂ ਦੁਨੀਆਂ ਵਿਚ ਕਿਤੇ ਵੀ ਸ਼ਦੇਸ਼ ਭੇਜਿਆ ਜਾਂ ਪ੍ਰਾਪਤ ਕੀਤਾ ਜਾ ਸਕਦਾ ਹੈ।
2. **ਚੈਟਿੰਗ:** ਇੰਟਰਨੈਟ ਰਾਹੀਂ ਲਿਖਤੀ ਗਲਬਾਤ ਕਰਨ ਨੂੰ ਚੈਟਿੰਗ ਕਿਹਾ ਜਾਂਦਾ ਹੈ।
3. **ਈ-ਕਾਮਰਸ:** ਇੰਟਰਨੈਟ ਦੀ ਮਦਦ ਨਾਲ ਵਪਾਰ ਕਰਨ ਦੀ ਸੇਵਾ ਨੂੰ ਈ-ਕਾਮਰਸ ਕਿਹਾ ਜਾਂਦਾ ਹੈ।
4. **ਸਰਚਿੰਗ:** ਇੰਟਰਨੈਟ ਤੇ ਅਸੀਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੱਭ ਸਕਦੇ ਹਾਂ।
5. **ਸਰਫਿੰਗ:** ਇੰਟਰਨੈਟ ਤੇ ਵੈਬਸਾਈਟਾਂ ਵਰਤਣ ਦੀ ਪ੍ਰਕਿਰਿਆ ਨੂੰ ਸਰਫਿੰਗ ਕਿਹਾ ਜਾਂਦਾ ਹੈ।
6. **ਵੀਡੀਓ ਕਾਨਫਰੈਂਸਿੰਗ:** ਵੀਡੀਓ ਕਾਨਫਰੈਂਸਿੰਗ ਵਿਚ ਅਸੀਂ ਕੈਮਰੇ ਦੀ ਮਦਦ ਨਾਲ ਹੋਰਾਂ ਨਾਲ ਗੱਲਬਾਤ ਕਰ ਸਕਦੇ ਹਾਂ।
7. **ਫਾਈਲਾਂ ਨੂੰ ਡਾਊਨਲੋਡ ਕਰਨਾ:** ਇੰਟਰਨੈਟ ਤੋਂ ਅਸੀਂ ਵੱਖ-ਵੱਖ ਕਿਸਮਾਂ ਦੀਆਂ ਫਾਈਲਾਂ ਡਾਊਨਲੋਡ ਕਰ ਸਕਦੇ ਹਾਂ।